ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ........................
Date ........................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in

# ਹੁਕਮ

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ।

ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ। ਲੋਕਾਂ ਨੂੰ ਪੈਸਿਆਂ ਦੀ ਕੋਈ ਦਿਕੱਤ ਨਾ ਆਵੇ ਇਸ ਨੂੰ ਮੁੱਖ ਰੱਖਦੇ ਹੋਏ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਤ ਦਾ ਨੰ 2) ਦੀ ਧਾਰਾ 144 ਅਧੀਨ ਮਿਤੀ 23.03.2020 ਨੂੰ ਜਾਰੀ ਕੀਤੇ ਗਏ ਉਕਤ ਕਰਫਿਊ ਦੇ ਆਦੇਸ਼ਾ ਵਿੱਚ ਅੰਸਿਕ ਸੋਧ ਕਰਦੇ ਹੋਏ ਆਮ ਲੋਕਾਂ ਨੂੰ ਪੈਸੇ ਕਢਵਾਉਣ ਲਈ ਹੇਠ ਲਿਖੇ ਅਨੁਸਾਰ ਕਰਫਿਊ ਵਿਚੋਂ ਛੋਟ ਦਿੱਤੀ ਜਾਂਦੀ ਹੈ :-

1. ਜਿਲ੍ਹਾ ਜਲੰਧਰ ਦੀ ਹਦੂਦ ਅੰਦਰ ਸਾਰੇ ATM ਸਵੇਰੇ 11.00 ਵਜੇ ਤੋਂ ਦੁਪਿਹਰ 02.00 ਵਜੇ ਤੱਕ ਖੁਲਣਗੇ।
2. ਕੋਈ ਵੀ ਵਿਅਕਤੀ ਇਹਨਾਂ ATM's ਤੋਂ ਪੈਸੇ ਕਢਵਾਉਣ ਲਈ ਜਾ ਸਕਦਾ ਹੈ, ਪਰੰਤੂ ਸ਼ਰਤ ਇਹ ਹੋਵੇਗੀ ਕਿ ਪੈਸੇ ਕਢਵਾਉਣ ਵਾਲਾ ਵਿਅਕਤੀ ਪੈਸੇ ਲੈਣ ਪੈਦਲ ਹੀ ਜਾਵੇਗਾ, ਉਸਨੂੰ ਕੋਈ ਵੀ ਵਹੀਕਲ ਵਰਤਨ ਦੀ ਮਨਾਹੀ ਹੋਵੇਗੀ।
3. ਜਦੋਂ ਕੋਈ ਵਿਅਕਤੀ ਪੈਸੇ ਕਢਵਾਉਣ ਜਾਂਦਾ ਹੈ ਤਾਂ ਉਸ ਪਾਸ ATM Card ਦਾ ਹੋਣਾ ਲਾਜਮੀ ਹੋਵੇਗਾ।
4. ਇਹਨਾ ATM's ਤੇ ਸਬੰਧਤ ਬੈਂਕ ਮੈਨੇਜਰ ਇਹ ਯਕੀਨੀ ਬਣਾਉਣਗੇ ਕਿ ATM's ਦੇ ਬਾਹਰ ਸਿਹਤ ਵਿਭਾਗ ਦੀਆਂ ਕੋਵੀਡ-19 ਸਬੰਧੀ ਹਦਾਇਤਾ ਅਨੁੰਸਾਰ ਸਮਾਜਿਕ ਦੂਰੀ (Social Distance) ਸਬੰਧੀ ਬਾਹਰ ਚਿੱਟੇ ਰੰਗ ਦੇ ਗੋਲੇ ਬਣਾਏ ਗਏ ਹੋਣ ਜਿਨਾ ਵਿੱਚ ਘੱਟੋ-ਘੱਟ 2 ਵਿਅਕਤੀਆਂ ਵਿਚਕਾਰ 1.5 ਮੀਟਰ ਦਾ ਫਾਸਲਾ ਰੱਖਿਆ ਜਾਵੇ ਤਾਂ ਜੋ ਕਰੋਨਾ ਵਾਇਰਸ ਦੀ ਬਿਮਾਰੀ ਨਾ ਫੈਲ ਸਕੇ।
5. ਇਸ ਦੌਰਾਨ ਜੇਕਰ ਕੋਈ ਵਿਅਕਤੀ ਗਰੀਬ ਹੈ ਅਤੇ ਉਸ ਪਾਸ ATM ਨਹੀਂ ਹੈ ਤਾਂ ਉਹ ਬੈਂਕ ਦੀ ਬਰਾਂਚ ਵਿੱਚ ਜਾ ਕੇ ਕੈਸ਼ ਕਢਵਾ ਸਕਦਾ ਹੈ। ਬੈਂਕ ਜਾਂਦੇ ਸਮੇਂ ਬੈਂਕ ਦੀ ਕਾਪੀ ਨਾਲ ਲੈ ਕੇ ਜਾਣਾ ਜਰੂਰੀ ਹੋਵੇਗਾ, ਜੋ ਕਿ ਕਰਫਿਊ ਪਾਸ ਦਾ ਕੰਮ ਕਰੇਗੀ। ਇਸ ਸਬੰਧੀ ਬੈਂਕ ਮੈਨੇਜਰ ਇਹ ਸੁਨਿਸ਼ਚਿਤ ਕਰਨਗੇ ਕਿ ਸਬੰਧਤ ਵਿਅਕਤੀ ਨੂੰ ATM ਜਾਰੀ ਹੋਇਆ ਹੈ ਜਾਂ ਨਹੀਂ, ਜਿਸ ਵਿਅਕਤੀ ਨੂੰ ATM ਜਾਰੀ ਹੋਇਆ ਹੋਵੇਗਾ ਉਸਨੂੰ ਬੈਂਕ ਵਿਚੋਂ ਕੈਸ਼ ਨਹੀਂ ਦਿੱਤਾ ਜਾਵੇਗਾ। ਬੈਂਕ ਮੈਨੇਜਰ ਇਹ ਵੀ ਧਿਆਨ ਰੱਖਣਗੇ ਕਿ ਬੈਂਕ ਵਿੱਚ ਜਿਆਦਾ ਭੀੜ ਨਾ ਹੋਵੇ। ਬੈਂਕ ਮੈਨੇਜਰ ਬੈਂਕ ਇਹ ਵੀ ਸੁਨਿਸ਼ਚਿਤ ਕਰਨਗੇ ਕਿ Social Distance ਸਬੰਧੀ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਉਣਗੇ ਕਿ ਬੈਂਕ ਦੇ ਦਰਵਾਜੇ ਦੇ ਹੈਂਡਲ ਨੂੰ ਨਾਲ ਦੀ ਨਾਲ ਸੈਨੇਟਾਈਜ਼ ਕਰਨਗੇ।
6. ATM's ਅਤੇ ਉਹਨਾਂ ਦੇ ਦਰਵਾਜਿਆਂ ਨੂੰ ਲਗਾਤਾਰ ਸੈਨੀਟਾਇਜ ਕਰਨ ਦੀ ਜਿੰਮੇਵਾਰੀ ਸਬੰਧਤ ਬੈਂਕ ਮੈਨੇਜਰ ਦੀ ਹੋਵੇਗੀ। ਸਾਰੇ ATM's ਉਤੇ ਗਾਰਡ ਮਾਸਕ ਅਤੇ ਸੈਨੀਟਾਇਜਰ ਦਾ ਇਸਤੇਮਾਲ ਕਰਨਾ ਅਤੇ ਸਮੇਂ ਸਮੇਂ ਤੇ ਕੋਵੀਡ-19 ਸਬੰਧੀ ਪ੍ਰਾਪਤ ਹੋਈਆਂ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣਗੇ ਤੇ ATM's ਉਪਰ ਸੈਨੀਟਾਇਜਰ ਸਬੰਧਤ ਬੈਂਕ ਮੈਨੇਜਰ ਵੱਲੋਂ ਗਾਰਡ ਨੂੰ ਉਪਲਬਧ ਕਰਵਾਇਆ ਜਾਵੇਗਾ ਅਤੇ ਗਾਰਡ ਵੱਲੋਂ ATM ਦੇ ਦਰਵਾਜੇ ਅਤੇ ATM ਨੂੰ ਨਾਲ ਦੀ ਨਾਲ ਸੈਨੇਟਾਈਜ਼ ਕੀਤਾ ਜਾਵੇਗਾ।
7. ਉਕਤ ਸਾਰੀਆਂ ਹਦਾਇਤਾਂ ਲਾਗੂ ਕਰਵਾਉਣ ਦੀ ਜਿੰਮੇਵਾਰੀ ਲੀਡ ਜਿਲ੍ਹਾ ਮੈਨੇਜਰ, ਜਲੰਧਰ ਦੀ ਹੋਵੇਗੀ ਅਤੇ ਸੁਰਖਿਆ ਦੇ ਪ੍ਰਬੰਧ ਕਮਿਸ਼ਨਰ ਆਫ ਪੁਲਿਸ, ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ), ਜਲੰਧਰ ਵੱਲੋਂ ਕੀਤੇ ਜਾਣਗੇ।

ਜਿਲ੍ਹਾ ਮੈਜਿਸਟਰੇਟ
ਜਲੰਧਰ।

ਪਿੱਠ ਅੰਕਣ ਨੰ. 4596-4615/ਐਮ.ਸੀ.4/ਐਮ.ਏ ਮਿਤੀ- 29-03-2020

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਕਮਿਸ਼ਨਰ ਜਲੰਧਰ ਮੰਡਲ, ਜਲੰਧਰ
2. ਕਮਿਸ਼ਨਰ ਆਫ ਪੁਲਿਸ ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ
3. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਜਲੰਧਰ।
4. ਕਮਿਸ਼ਨਰ ਨਗਰ ਨਿਗਮ, ਜਲੰਧਰ
5. ਜਿਲ੍ਹਾ ਲੋਕ ਸਪੰਰਕ ਅਫਸਰ, ਜਲੰਧਰ
6. ਲੀਡ ਜਿਲ੍ਹਾ ਮੈਨੇਜਰ, ਜਲੰਧਰ
7. ਸੁਪਰਡੰਟ ਗਰੇਡ-1, ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼)

ਵਾ. ਜਿਲ੍ਹਾ ਮੈਜਿਸਟਰੇਟ
ਜਲੰਧਰ। 29/3/2020

Scanned by CamScanner